# ਹੱਕਾਂ ਦੀ ਰਾਖੀ ਲਈ ਅਮਰੀਕੀ ਲੋਕਾਂ ਦਾ ਘੋਲ

ਅਮਰੀਕਾ ਦੀ ਵਿਸਕੌਨਸਿਨ ਸਟੇਟ ਵਿਚ ਪਿਛਲੇ ਦੋ ਹਫਤਿਆਂ ਤੋਂ ਹਜ਼ਾਰਾਂ ਲੋਕਾਂ ਨੇ ਮੈਡੀਸਨ ਸ਼ਹਿਰ ਦੀ ਕੈਪੀਟਲ ਬਿਲਡਿੰਗ ਵਿਚ ਧਰਨਾ ਦਿੱਤਾ ਹੋਇਆ ਹੈ। ਇਹ ਸਹਿਰ ਵਿਸਕੌਨਸਿਨ ਸਟੇਟ ਦੀ ਰਾਜਧਾਨੀ ਹੈ ਅਤੇ ਇਸ ਸਟੇਟ ਦੇ ਗਵਰਨਰ ਸਕਾਟ ਵਾਲਕਰ ਨੇ ਇਕ ਇਹੋ ਜਿਹਾ ਕਾਨੂੰਨ ਵਿਧਾਨ ਸਭਾ ਵਿਚ ਲਿਆਂਦਾ ਹੈ ਜਿਸ ਨਾਲ ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ ਦਸ ਫੀ ਸਦੀ ਦੇ ਕਰੀਬ ਘਟਾ ਦਿਤੀਆਂ ਜਾਣਗੀਆਂ, ਉਨ੍ਹਾਂ ਦੀ ਹੈਲਥ ਇਨਸ਼ੋਰੈਂਸ ਦੇ ਹੱਕ ਘੱਟ ਕਰ ਦਿਤੇ ਜਾਣਗੇ ਅਤੇ ਨਾਲੇ ਇਨ੍ਹਾਂ ਸਾਰੇ ਹੀ ਕਰਮਚਾਰੀਆਂ ਦਾ ਯੂਨੀਅਨ ਬਣਾਉਣ ਅਤੇ ਯੂਨੀਅਨਾਂ ਰਾਹੀਂ ਗੱਲਬਾਤ ਕਰਨ ਦਾ ਹੱਕ ਖ਼ਤਮ ਕਰ ਦਿਤਾ ਜਾਵੇਗਾ। ਮਜ਼ਦੂਰਾਂ ਦੇ ਹੱਕਾਂ ਉਤੇ ਸਕਾਟ ਵਾਲਕਰ ਦੇ ਇਸ ਹਮਲੇ ਖ਼ਿਲਾਫ਼ ਲੋਕਾਂ ਵਿਚ ਬਹੁਤ ਹੀ ਰੋਹ ਹੈ।

ਹਜ਼ਾਰਾਂ ਲੋਕ ਧਰਨੇ ਅਤੇ ਰੈਲੀਆਂ ਵਿਚ ਹਿੱਸਾ ਲੈ ਕੇ ਇਸ ਕਾਲੇ ਕਾਨੂਨ ਦਾ ਵਿਰੋਧ ਕਰ ਰਹੇ ਹਨ। ਸੈਂਕੜੇ ਲੋਕ ਕੈਪੀਟਲ ਬਿਲਡਿੰਗ ਵਿਚ ਪਿਛਲੇ ਦੋ ਹਫਤਿਆਂ ਤੋਂ ਦਿਨ ਰਾਤ ਰਹਿ ਰਹਿ ਹਨ। ਵਿਸਕੌਨਸਿਨ ਦੇ ਲੋਕਾਂ ਦੇ ਘੋਲ ਦੀ ਹਿਮਾਇਤ ਵਿਚ ਅਮਰੀਕਾ ਦੇ ਹੋਰ ਵੀ ਸ਼ਹਿਰਾਂ ਵਿਚ ਲੱਖਾਂ ਹੀ ਲੋਕਾਂ ਨੇ ਰੈਲੀਆਂ ਅਤੇ ਮੁਜ਼ਾਹਰੇ ਕੀਤੇ ਹਨ। ਨਿਊਯਾਰਕ ਤੋਂ ਲੈ ਕੇ ਲਾਸ ਐਂਜਲਸ ਤਕ ਹਰੇਕ ਛੋਟੇ ਵੱਡੇ ਸ਼ਹਿਰ ਵਿਚ ਲੋਕ ਇਸ ਹਮਲੇ ਦੇ ਖ਼ਿਲਾਫ ਮੁਜ਼ਾਹਰੇ ਅਤੇ ਰੈਲੀਆਂ ਕਰ ਰਹੇ ਹਨ। ਉਹ ਕਹਿ ਰਹੇ ਹਨ `ਅਸੀਂ ਸੱਭ ਵਿਸਕੌਨਸਿਨ ਵਾਲੇ` ਹਾਂ। ਉਨ੍ਹਾਂ ਨੇ ਨਾਅਰਾ ਬੁਲੰਦ ਕੀਤਾ ਹੈ ਕਿ ਕਿਸੇ ਇਕ ਤੇ ਵੀ ਹਮਲਾ ਸਾਰਿਆਂ ਤੇ ਹਮਲਾ ਹੈ। ਕਹਿੰਦੇ ਹਨ ਕਿ ਸੱਠਵਿਆਂ ਦੇ ਦਹਾਕੇ ਵਿਚ ਵਿਦਿਆਰਥੀਆਂ ਦੀ ਜੰਗਵਿਰੋਧੀ ਲਹਿਰ ਵੇਲੇ ਹੋਏ ਮੁਜ਼ਾਹਰਿਆਂ ਤੋਂ ਬਾਅਦ ਅਮਰੀਕਾ ਵਿਚ ਪਹਿਲੀ ਵਾਰ ਇਸ ਪੈਮਾਨੇ ਤੇ ਲੋਕ ਮੁਜ਼ਾਹਰਿਆਂ ਵਿਚ ਹਿਸਾ ਲੈ ਰਹੇ ਹਨ।

ਵਿਸਕੌਨਸਿਨ ਦੇ ਹਾਊਸ ਆਫ਼ ਰਿਪਰੈਜ਼ੈਂਟੇਟਿਵ ਨੇ ਤਾਂ ਇਹ ਕਾਨੂੰਨ ਪਾਸ ਕਰ ਦਿਤਾ ਹੈ ਪਰ ਸੈਨੇਟ ਵਿਚ ਹਾਲੇ ਮਸਲਾ ਖੜਾ ਹੈ ਕਿਉਂਕਿ ਸੈਨੇਟ ਦੇ ਡੈਮੋਕਰੇਟਿਕ ਸੈਨੇਟਰ ਵਿਸਕੌਨਸਿਨ ਸਟੇਟ ਤੋਂ ਬਾਹਰ ਚਲੇ ਗਏ ਹਨ ਤਾਂ ਕਿ ਸੈਨੇਟ ਦੀ ਬੈਠਕ ਦਾ ਕੋਰਮ ਪੂਰਾ ਨਾ ਹੋ ਸਕੇ ਤੇ ਇਹ ਕਾਨੂੰਨ ਪਾਸ ਨਾ ਹੋਵੇ। ਗਵਰਨਰ ਸਕਾਟ ਵਾਲਕਰ ਨੇ ਇਨ੍ਹਾਂ ਸੈਨੇਟਰਾਂ ਦੇ ਘਰੀਂ ਪੁਲੀਸ ਭੇਜੀ ਹੈ ਤਾਂਕਿ ਉਨ੍ਹਾਂ ਨੂੰ ਜ਼ਬਰਦਸਤੀ ਚੁਕ ਕੇ ਸੈਨੇਟ ਵਿਚ ਲਿਆਂਦਾ ਜਾਵੇ।

ਗਵਰਨਰ ਵਾਲਕਰ ਦਲੀਲ ਦੇ ਰਿਹਾ ਹੈ ਕਿ ਉਹ ਤਾਂ ਉਹੀ ਕੁਝ ਕਰ ਰਿਹਾ ਹੈ ਜਿਸ ਲਈ ਲੋਕਾਂ ਨੇ ਉਸ ਨੂੰ ਪਿਛਲੇ ਨਵੰਬਰ ਵਿਚ ਚੁਣਿਆ ਸੀ। ਇਸ ਲਈ ਲੋਕਾਂ ਨੂੰ ਮੁਜ਼ਾਹਰੇ ਨਹੀਂ ਕਰਨੇ ਚਾਹੀਦੇ। ਪਰ ਚੋਣਾਂ ਵਿਚ ਵਾਲਕਰ ਅਤੇ ਉਸਦੇ ਜੁੰਡੀਦਾਰਾਂ ਵਿਚੋਂ ਕਿਸੇ ਨੇ ਵੀ ਇਹ ਨਹੀਂ ਕਿਹਾ ਸੀ ਕਿ ਉਹ ਇਹ ਕੁਝ ਕਰਨਗੇ। ਚੋਣਾਂ ਵਿਚ ਉਸ ਨੇ ਇਹ ਕਿਹਾ ਸੀ ਕਿ ਉਹ ਲੋਕਾਂ ਦੇ ਰੁਜ਼ਗਾਰ ਦਾ ਪ੍ਰਬੰਧ ਕਰੇਗਾ ਅਤੇ ਆਰਥਕਤਾ ਨੂੰ ਸੁਧਾਰੇਗਾ।

ਗਵਰਨਰ ਵਾਲਕਰ ਦਾ ਕਹਿਣਾ ਹੈ ਕਿ ਸਰਕਾਰੀ ਕਰਮਚਾਰੀ ਤਾਂ ਐਵੇਂ ਹੀ ਭੁਤਰੇ ਹੋਏ ਹਨ। ਉਨ੍ਹਾਂ ਦੀਆਂ ਤਨਖਾਹਾਂ ਅੱਗੇ ਹੀ ਬਹੁਤ ਜ਼ਿਆਦਾ ਹਨ ਅਤੇ ਉਨ੍ਹਾਂ ਨੂੰ ਹੋਰ ਵੀ ਬੜੀਆਂ ਸਹੂਲਤਾਂ ਮਿਲਦੀਆਂ ਹਨ। ਇਨ੍ਹਾਂ ਵਿਚ ਕਟੌਤੀ ਕਰਨ ਨਾਲ ਸਰਕਾਰ ਦਾ ਖ਼ਰਚਾ ਘੱਟੇਗਾ। ਯੂਨੀਅਨਾਂ ਖ਼ਤਮ ਕਰਨ ਨਾਲ ਕਰਮਚਾਰੀ ਆਪਣੀ ਮਰਜ਼ੀ ਨਾਲ ਕੰਮ ਕਰਨ ਲਈ ਆਜ਼ਾਦ ਹੋਣਗੇ। ਇਸ ਸਮੇਂ ਹਰੇਕ ਸਰਕਾਰੀ ਕਰਮਚਾਰੀ ਨੂੰ ਯੂਨੀਅਨ ਦਾ ਮੈਂਬਰ ਬਣਨਾ ਜ਼ਰੂਰੀ ਹੈ। ਵਾਲਕਰ ਇਸ ਕਾਨੂੰਨ ਨਾਲ ਯੂਨੀਅਨਾਂ ਤੇ ਹਮਲਾ ਕਰਕੇ ਉਨ੍ਹਾਂ ਦਾ ਲੱਕ ਤੋੜਨਾ ਚਾਹੁੰਦਾ ਹੈ। ਪਿਛਲੇ ਸੌ ਸਾਲ ਤੋਂ ਵੀ ਜ਼ਿਆਦਾ ਸਮਾਂ ਇਹ ਦੱਸਦਾ ਹੈ ਕਿ ਲੋਕ ਆਪਣੇ ਸੰਗਠਨ ਅਤੇ ਏਕਤਾ ਨਾਲ ਹੀ ਆਪਣੇ ਹੱਕਾਂ ਦੀ ਰਾਖੀ ਕਰ ਸਕਦੇ ਹਨ। ਇਸ ਤੋਂ ਬਗੈਰ ਉਹ ਹਾਕਮ ਟੋਲੇ ਦੀ ਲੁੱਟ ਅਤੇ ਉਸਦੇ ਹਮਲਿਆਂ ਤੋਂ ਆਪਣਾ ਬਚਾਉ ਨਹੀਂ ਕਰ ਸਕਦੇ। ਗਵਰਨਰ ਵਾਲਕਰ ਅਤੇ ਹਾਕਮ ਟੋਲਾ ਲੋਕਾਂ ਦੇ ਇਸ ਹੱਕ ਨੂੰ, ਜੋ ਕਿ ਉਨ੍ਹਾਂ ਨੇ ਆਪਣਾ ਖ਼ੂਨ ਬਹਾ ਕੇ ਹਾਸਲ ਕੀਤਾ ਹੈ, ਖ਼ਤਮ ਕਰਕੇ ਦੁਬਾਰਾ ਗੁਲਾਮੀ ਦੇ ਦਿਨ ਲਿਆਉਣਾ ਚਾਹੁੰਦਾ ਹੈ ਜੋ ਲੋਕਾਂ ਨੂੰ ਮੰਜ਼ੂਰ ਨਹੀਂ ਹੈ।

ਗਵਰਨਰ ਵਾਲਕਰ ਦਾ ਵਤੀਰਾ ਲਿਬਰਲ ਜਮਹੂਰੀਅਤ ਅਤੇ ਨੁਮਾਇੰਦਾ ਜਮਹੂਰੀਅਤ ਦਾ ਤੱਤ ਸੱਤ ਸਾਫ਼ ਵਿਖਾਲਦਾ ਹੈ। ਚੋਣਾਂ ਦੌਰਾਨ ਇਹ ਕਹਿੰਦੇ ਕੁਝ ਹੋਰ ਹਨ ਅਤੇ ਚੋਣਾਂ ਦੇ ਬਾਅਦ ਕਰਦੇ ਕੁਝ ਹੋਰ ਹਨ। ਉਬਾਮਾ ਵੀ ਸਦਰ ਦੀਆਂ ਚੋਣਾਂ ਜਿੱਤਣ ਬਾਅਦ ਇਹੋ ਕੁਝ ਹੀ ਕਰ ਰਿਹਾ ਹੈ। ਜਿਹੜੇ ਵੀ ਵਾਅਦੇ ਉਸਨੇ ਚੋਣਾਂ ਦੌਰਾਨ ਕੀਤੇ ਸੀ ਹੁਣ ਉਨ੍ਹਾਂ ਦੇ ਉਲਟ ਚਲ ਰਿਹਾ ਹੈ ਤੇ ਸਾਰੇ ਕੰਮ ਵੱਡੇ ਸੂਦਖੋਰਾਂ ਅਤੇ ਬੈਂਕਾਂ ਦੇ ਫਾਇਦੇ ਲਈ ਕਰ ਰਿਹਾ ਹੈ। ਹਾਕਮ ਟੋਲਾ ਕਹਿ ਰਿਹਾ ਹੈ ਕਿ ਜਮਹੂਰੀਅਤ ਦਾ ਮਤਲਬ ਇਹ ਹੈ ਕਿ ਚੋਣਾਂ ਬਾਅਦ ਲੋਕਾਂ ਨੂੰ ਚੁਪ ਬੈਠ ਜਾਣਾ ਚਾਹੀਦਾ ਹੈ। ਉਹ ਆਪਣੀ ਮਨਮਰਜ਼ੀ ਅਤੇ ਤਾਕਤ ਨਾਲ ਲੋਕਾਂ ਦੇ ਹੱਕਾਂ ਤੇ ਹਮਲੇ ਕਰ ਰਹੇ ਹਨ ਤੇ ਇਸ ਨੂੰ ਜਾਇਜ਼ ਕਰਾਰ ਦੇ ਰਹੇ ਹਨ। ਪਰ ਲੋਕ ਇਸ ਨਾਦਰਸ਼ਾਹੀ ਨੂੰ ਕਬੂਲ ਕਰਨ ਤੋਂ ਮੁਨਕਰ ਹਨ।

ਵਿਸਕੌਨਸਿਨ ਸਟੇਟ ਦੇ ਲੋਕਾਂ ਦੀ ਹਿਮਾਇਤ ਵਿਚ ਦੁਨੀਆਂ ਭਰ ਦੇ ਲੋਕ ਸੁਨੇਹੇ ਭੇਜ ਰਹੇ ਹਨ। ਮਿਸਰ, ਹੇਟੀ, ਮਲਾਵੀ, ਵੈਨੇਜ਼ੁਏਲਾ ਅਤੇ ਹੋਰ ਕਈ ਮੁਲਕਾਂ ਦੇ ਲੋਕਾਂ ਨੇ ਆਪਣੀ ਹਮਦਰਦੀ ਵਿਖਾਉਣ ਲਈ ਉਨ੍ਹਾਂ ਨੂੰ ਖਾਣ ਪੀਣ ਦਾ ਸਾਮਾਨ ਵੀ ਭੇਜਿਆ ਹੈ। ਵਿਸਕੌਨਸਿਨ ਦੇ ਲੋਕ ਵੀ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਮਿਸਰ ਅਤੇ ਅਰਬ ਲੋਕਾਂ ਦੇ ਹੱਕਾਂ ਲਈ ਘੋਲ ਨੇ ਬਹੁਤ ਉਤਸ਼ਾਹਿਤ ਕੀਤਾ ਹੈ ਅਤੇ ਆਪਣੀ ਤਾਕਤ, ਤਨਜ਼ੀਮ, ਸੰਘਰਸ਼ ਅਤੇ ਏਕਤਾ ਨਾਲ ਹੀ ਉਹ ਆਪਣੇ ਹੱਕਾਂ ਦੀ ਰਾਖੀ ਕਰ ਸਕਦੇ ਹਨ।